| |
|---|
| ਅਤਿ ਜ਼ਰੂਰੀ<br>ਮਿਤੀ ਬੱਧ |

**ਪੰਜਾਬ ਸਰਕਾਰ**

**ਮਾਲ ਅਤੇ ਪੁਨਰਵਾਸ ਵਿਭਾਗ**

**(ਮਾਲ ਅਮਲਾ-1 ਸਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਜਿਲ੍ਹਾ ਮਾਲ ਅਫਸਰ
ਅਤੇ ਸਮੂਹ ਤਹਿਸੀਲਦਾਰ।

ਮੀਮੋ ਨੰ: 16/01/2024-ਆਰ.ਈ.-1(3)/
ਚੰਡੀਗੜ੍ਹ, ਮਿਤੀ

ਵਿਸਾ :- ਮਾਲ ਅਧਿਕਾਰੀਆਂ (ਜਿਲ੍ਹਾ ਮਾਲ ਅਫਸਰ ਅਤੇ ਤਹਿਸੀਲਦਾਰ) ਵੱਲੋਂ ਸਾਲ 2023-24 (ਮਿਤੀ 01.04.2023 ਤੋਂ 31.03.2024) ਦੀ ਚੱਲ ਅਤੇ ਅਚੱਲ ਪ੍ਰਾਪਰਟੀ ਰਿਟਰਨ ihrms portal (https://hrms.punjab.gov.in) ਤੇ ਆਨ ਲਾਈਨ ਫਾਈਲ ਕਰਨ ਬਾਰੇ।

----------

ਉਪਰੋਕਤ ਵਿਸੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਕਰਮਚਾਰੀਆਂ (ਆਚਰਣ) ਨਿਯਮਾਂਵਲੀ 1966 ਦੇ ਨਿਯਮ 18 ਅਧੀਨ ਗਰੁੱਪ ਏ ਅਤੇ ਬੀ ਦੇ ਅਧਿਕਾਰੀਆਂ ਵੱਲੋਂ ਹਰ ਸਾਲ ਚੱਲ/ਅਚੱਲ ਜਾਇਦਾਦ ਦੀ ਰਿਟਰਨਾਂ ਵਿਭਾਗ ਵਿੱਚ ਫਾਈਲ ਕਰਨੀਆਂ ਹੁੰਦੀਆਂ ਹਨ। ਸਾਲ 2023-24 ਦੀ ਚੱਲ/ਅਚੱਲ ਜਾਇਦਾਦ ਦੀ ਰਿਟਰਨ ਆਨਲਾਈਨ ihrms portal (https://hrms.punjab.gov.in) ਤੇ ਭਰੀ ਜਾਣੀ ਹੈ।

2. ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਪਿਛਲੀ ਪ੍ਰਾਪਰਟੀ ਰਿਟਰਨ ਵਿੱਚ ਜੋ ਪ੍ਰਾਪਰਟੀ ਦਰਸਾਈ ਹੈ ਸਾਲ 2023-24 ਦੀ ਰਿਟਰਨ ਵਿੱਚ ਵੀ ਉਸ ਅਨੁਸਾਰ ਹੀ ਲੜੀਵਾਰ ਪ੍ਰਾਪਰਟੀ ਰਿਟਰਨ ਭਰੀ ਜਾਵੇ ਅਤੇ ਉਹੀ ਅਚੱਲ ਸੰਪਤੀ ਭਰੀ ਜਾਵੇ ਜੋ ਕਿ ਆਪਣੇ ਅਤੇ ਆਪਦੇ ਪਰਿਵਾਰ ਦੇ ਮੈਬਰਾਂ ਦੇ ਨਾਮ ਤੇ ਹੋਵੇ। ਜਿਥੇ ਕਿਤੇ ਕੋਈ ਜਾਇਦਾਦ ਕਿਸੇ ਰਿਸਤੇਦਾਰ ਨਾਲ ਸਾਂਝੀ ਹੋਵੇ, ਉਸ ਦੇ ਹਿੱਸੇ ਦਾ ਵੇਰਵਾ ਵੀ ਸਪਸਟ ਕੀਤਾ ਜਾਵੇ।

3. ਜੇਕਰ ਪਿਛਲੀ ਪ੍ਰਵਾਨਤ ਰਿਟਰਨ ਨਾਲੋਂ ਸਾਲ 2023-24 ਦੀ ਰਿਟਰਨ ਵਿੱਚ ਕੋਈ ਬਦਲਾਵ ਹੁੰਦਾ ਹੈ ਜਾਂ ਕੋਈ ਪ੍ਰਾਪਰਟੀ ਖਰੀਦੀ/ਵੇਚ ਕੀਤੀ ਜਾਂਦੀ ਹੈ ਤਾਂ ਵਿੱਤੀ ਸੋਰਸਾਂ ਦਾ ਵੇਰਵਾ ਦਿੱਤਾ ਜਾਵੇ, ਜੇਕਰ ਕੋਈ ਜਾਇਦਾਦ ਕਰਜ਼ਾ ਲੈਕੇ ਖਰੀਦੀ ਹੈ ਤਾਂ ਪੰਜਾਬ ਕਰਚਮਾਰੀਆਂ (ਆਚਰਣ) ਨਿਯਮਾਵਲੀ 1966 ਅਧੀਨ ਸਰਕਾਰ ਦੀ ਪ੍ਰਵਾਨਗੀ ਲੈਣੀ ਯਕੀਨੀ ਬਣਾਈ ਜਾਵੇ।

4. ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2023-24 ਦੀ ਚੱਲ ਅਤੇ ਅਚੱਲ ਸੰਪਤੀ ਸਬੰਧੀ ਵਿਵਰਣ ਆਪਣੀ ihrms ID ਤੋਂ **ihrms portal ਤੇ Smt Arpna Kumari (hrms ID 189836), ਅਧੀਨ ਸਕੱਤਰ, ਮਾਲ**, ਨੂੰ ਵੈਰੀਫਿਕੇਸਨ **ਲਈ ਮਿਤੀ 30.04.2024 ਤੱਕ** ਸਬਮਿਟ ਕੀਤੀ ਜਾਵੇ ਅਤੇ ਇਸ ਬਾਰੇ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇ। ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਸਾਲ 2023-24 ਦੀ ਪ੍ਰਾਪਰਟੀ ਰਿਟਰਨ ਆਫ-ਲਾਈਨ ਵਿਭਾਗ ਨੂੰ ਭੇਜੀ ਜਾਂਦੀ ਹੈ ਤਾਂ ਉਹ ਨਹੀਂ ਵਿਚਾਰੀ ਜਾਵੇਗੀ ਅਤੇ ਆਪ ਵਿਰੁੱਧ ਵਿਭਾਗੀ ਅਨੁਸਾਸਨੀ ਕਾਰਵਾਈ ਕੀਤੀ ਜਾਵੇਗੀ।

5. **ਪ੍ਰਾਪਰਟੀ ਰਿਟਰਨਾਂ ਭਰਨ ਦੀ ਆਖਰੀ ਮਿਤੀ: 30.04.2024 ਤੱਕ ਹੈ।**

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

-ਸ/ਡੀ-
ਸੁਪਰਡੰਟ ਗਰੇਡ-1

ਪਿੱਠ:ਅੰ:ਨੰ: 16/01/2024-ਆਰ.ਈ.-1(3)/4588 ਮਿਤੀ, ਚੰਡੀਗੜ੍ਹ :- 27/3/2024

ਉਤਾਰਾ ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ. ਨੂੰ https://revenue.punjab.gov.in/ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਸੁਪਰਡੰਟ ਗਰੇਡ-1